s/c

ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 2987 ਸ.1/ਕਾਲਜ
ਮਿਤੀ: 17.10.2025

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ
(ਬੀ.ਐਡ./ਲਾਅ ਅਤੇ ਹੋਰ ਅਜਿਹੇ ਕੋਰਸਾਂ ਨੂੰ ਛੱਡ ਕੇ ਜਿੰਨ੍ਹਾਂ ਦੇ ਦਾਖਲੇ ਜੁਆਇੰਟ ਐਂਟਰੈਂਸ ਟੈਸਟ ਰਾਹੀਂ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ)।

ਵਿਸ਼ਾ : ਸੈਸ਼ਨ 2025-26 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀ ਦਾਖਲਾ ਮਿਤੀ ਵਿੱਚ ਅੰਤਿਮ ਲੇਟ ਦਾਖਲਾ ਫੀਸ 2000/-ਰੁਪਏ (ਪ੍ਰਤੀ ਵਿਦਿਆਰਥੀ) ਨਾਲ ਮਿਤੀ 30.10.2025 ਤੱਕ ਵਾਧੇ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਦਫ਼ਤਰ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ ਐਸ.ਏ.ਐਸ. ਨਗਰ ਵੱਲੋਂ ਜਾਰੀ ਪੱਤਰ/ਮੀਮੋ ਨੰ: 992101/ਕਾ.ਐਜੂ.(4)/828 ਮਿਤੀ, ਐਸ.ਏ.ਐਸ. ਨਗਰ 16.10.2025 ਦੀ ਲੋਅ ਵਿੱਚ ਅਤੇ ਇਸ ਦਫ਼ਤਰ ਵੱਲੋਂ ਪਹਿਲਾਂ ਜਾਰੀ ਸਰਕੂਲਰ ਨੰ: 2490ਸ.1/ਕਾਲਜ ਮਿਤੀ 8/9/2025 ਦੀ ਲਗਾਤਾਰਤਾ ਵਿੱਚ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਸੈਸ਼ਨ 2025-26 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀ 2000/ਰੁਪਏ (ਪ੍ਰਤੀ ਵਿਦਿਆਰਥੀ) ਲੇਟ ਦਾਖਲਾ ਫੀਸ ਨਾਲ ਆਖਰੀ ਦਾਖਲਾ ਮਿਤੀ (30.9.2025) ਵਿੱਚ ਅੰਤਿਮ ਲੇਟ ਦਾਖਲਾ ਫੀਸ 2000/-ਰੁਪਏ (ਪ੍ਰਤੀ ਵਿਦਿਆਰਥੀ) ਨਾਲ ਮਿਤੀ 30.10.2025 ਤੱਕ ਵਾਧਾ ਕੀਤਾ ਜਾਂਦਾ ਹੈ।

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਾਲਜਾਂ ਵਿਖੇ ਉਕਤ ਮਿਤੀ ਤੱਕ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੇ ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੀ ਪ੍ਰਵਾਨਗੀ ਅਤੇ ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ ਦੇ ਕੇਸਾਂ ਸਬੰਧੀ ਬਿਨ੍ਹਾਂ ਲੇਟ ਫੀਸ ਆਖਰੀ ਮਿਤੀ 10.11.2025 ਰਹੇਗੀ।ਇਸ ਸਬੰਧੀ ਲੇਟ ਫੀਸ ਨਾਲ ਮਿਤੀਆਂ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ।

ਸਪੱਸ਼ਟ ਹੈ ਕਿ ਉਪਰੋਕਤ ਅਨੁਸਾਰ ਲੇਟ ਦਾਖਲ ਕੀਤੇ ਗਏ ਵਿਦਿਆਰਥੀਆਂ ਦੇ ਲੈਕਚਰ/ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।

ਲੇਟ ਦਾਖਲਾ ਫੀਸਾਂ ਦੀ Submission ਸਬੰਧੀ ਹਦਾਇਤਾਂ ਸਮੂਹ ਸਬੰਧਤ ਕਾਲਜਾਂ ਨੂੰ ਪਹਿਲਾਂ ਜਾਰੀ ਸਰਕੂਲਰ ਨੰ: 910ਸ.1/ਕਾਲਜ ਮਿਤੀ 14.4.2025 ਦੇ ਨੁਕਤਾ ਨੰ: 20 ਅਨੁਸਾਰ ਹੀ ਰਹਿਣਗੀਆਂ ਜੀ।

ਸਮੂਹ ਸਬੰਧਤ ਕਾਲਜਾਂ ਨੂੰ ਇਹ ਵੀ ਸਪੱਸ਼ਟ ਤੌਰ ਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਮਿਤੀ ਤੱਕ ਵਿਦਿਆਰਥੀਆਂ ਦਾ ਬਣਦੀ ਲੇਟ ਦਾਖਲਾ ਫੀਸ ਨਾਲ ਦਾਖਲਾ ਕਰਨ ਉਪਰੰਤ ਵਿਦਿਆਰਥੀਆਂ ਦੇ ਵੇਰਵੇ ਮੁਕੰਮਲ ਤੌਰ ਤੇ ਸੂਚੀ ਬਣਾ ਕੇ ਲੇਟ ਦਾਖਲਾ ਫੀਸ ਦੇ ਵੇਰਵੇ ਸਹਿਤ ਪ੍ਰਵਾਨਗੀ ਹਿੱਤ ਭੇਜੇ ਜਾਣ ਜੀ ਅਤੇ ਪ੍ਰਵਾਨਗੀ ਆਦਿ ਦੇ ਕਾਰਜ ਹਿੱਤ ਵਿਦਿਆਰਥੀਆਂ ਨੂੰ ਪਰਸਨਲ ਤੌਰ ਤੇ ਯੂਨੀਵਰਸਿਟੀ ਵਿਖੇ ਨਾ ਭੇਜਿਆ ਜਾਵੇ, ਕੇਵਲ ਕਾਲਜ ਦੇ ਸਬੰਧਤ ਡੀਲਿੰਗ/ਸਹਾਇਕ ਵੱਲੋਂ ਹੀ ਸੰਪਰਕ ਕ਼ੀਤਾ ਜਾਵੇ ਜੀ।

ਉਪਰੋਕਤ ਤੋਂ ਇਲਾਵਾ ਬਾਕੀ ਸ਼ਡਿਊਲ ਸਮੂਹ ਕਾਲਜਾਂ ਨੂੰ ਪਹਿਲਾਂ ਜਾਰੀ ਕੀਤੇ ਪੱਤਰ ਨੰ: 909ਸ.1/ਕਾਲਜ ਮਿਤੀ 14.4.2025 ਅਨੁਸਾਰ ਹੀ ਰਹੇਗਾ ਜੀ।

17/10/2025
ਡੀਨ,ਕਾਲਜ ਵਿਕਾਸ ਕੌਂਸਲ